ਬਾਰੀ ਮਸੀਹਾ

ਸਫਾ IV ਦੀ ਬਾਕੀ

ਹਾਲਤ ਵਿੱਚ ਹੋ ਗਏ ਹਨ। ਉਹ ਆਪਣੀ ਰੇਲਵੇ, ਸੜਕਾਂ ਅਤੇ ਪੁਲਾਂ ਦੇ ਹੁਣ ਆਪ ਮਾਲਕ ਹਨ। ਪਹਿਲਾਂ ਬ੍ਰਾਜ਼ੀਲ ਦੀ ਰੇਲਵੇ ਦੇ ਮਾਲਕ ਅੰਗਰੇਜ਼ ਸਨ। ਉਂਜ ਸੰਸਾਰ ਦੀ ਪਹਿਲੀ ਜੰਗ ਖ਼ਤਮ ਹੋਣ ਤੋਂ ਪਹਿਲਾਂ ਅਤੇ ਜੰਗ ਦੌਰਾਨ ਵੀ ਸਾਰੀ ਨੌਕਰਸ਼ਾਹੀ ਅੰਗਰੇਜ਼ਾਂ ਨੇ ਇੱਕ ਕਿਸਮ ਨਾਲ ਖ਼ਰੀਦੀ ਹੋਈ ਸੀ। ਉਹ ਆਪਣੇ ਦੇਸ਼ ਦੇ ਆਪਣੇ ਮਨਿਸਟਰਾਂ ਦੀ ਥਾਂ ਅੰਗਰੇਜ਼ ਹਕੂਮਤ ਦੇ ਹਿੱਤਾਂ ਅਤੇ ਹੁਕਮਾਂ ਦੀ ਪਾਲਣਾ ਵਧੇਰੇ ਵਫ਼ਾਦਾਰੀ ਨਾਲ ਕਰਦੇ ਸਨ। ਜਿਨ੍ਹਾਂ ਦੀਆਂ ਮਿਸਾਲਾਂ ਮੈਂ ਆਪਣੇ ਅਗਲੇ ਦਿਨਾਂ ਦੇ ਕੰਮਾਂ ਅਤੇ ਤਜ਼ਰਬਿਆਂ ਤੋਂ ਪ੍ਰਾਪਤ ਕੀਤੀਆਂ ਜੋ ਕਿ ਸੱਚਮੁੱਚ ਹੀ ਹੈਰਾਨੀਜਨਕ ਹਨ। ਬ੍ਰਾਜ਼ੀਲ ਵਿੱਚ ਹਿੰਦੁਸਤਾਨੀਆਂ ਦੀਆਂ ਮੁਸ਼ਕਲਾਂ ਦਾ ਕਾਰਨ ਅੰਗਰੇਜ਼ਾਂ ਦੀ ਨੀਤੀ ਸੀ। ਜਿਸ ਬਾਰੇ ਮੈਨੂੰ ਪੂਰੀ ਤਰ੍ਹਾਂ ਦਾ ਪਤਾ ਇੱਕ ਮੌਕਾ ਲੱਗਣ 'ਤੇ ਲੱਗਾ। ਜਦੋਂ ਮੈਂ ਬ੍ਰਾਜ਼ੀਲ ਵਿੱਚ ਆਇਆ ਸੀ, ਉਸ ਵੇਲੇ ਇੱਥੇ ਵਾਹੀ-ਯੋਗ ਜ਼ਮੀਨ ਬੜੀ ਜ਼ਿਆਦਾ ਤਦਾਦ ਵਿੱਚ ਵਾਧੂ ਪਈ ਸੀ ਜਿਹੜੀ ਸਰਕਾਰ ਕਿਸੇ ਵੀ ਕਿਸਾਨ ਨੂੰ ਮੁਫ਼ਤ ਹੀ ਨਹੀਂ ਉਸ ਤੋਂ ਵੱਧ ਸਹੂਲਤਾਂ ਉੱਤੇ ਦੇਣ ਲਈ ਤਿਆਰ ਸੀ। ਸਰਕਾਰ ਨੇ ਐਲਾਨ ਕਰ ਰੱਖਿਆ ਸੀ ਕਿ ਜਿਹੜਾ ਵੀ ਕੋਈ ਜ਼ਮੀਨ ਲੈ ਕੇ ਖੇਤੀ ਕਰਨਾ ਚਾਹੁੰਦਾ ਹੈ, ਉਹ ਜਿੱਥੇ ਵੀ ਚਾਹੇ ਆਪਣੀ ਪਸੰਦ ਦੀ ਜਿੰਨੀ ਚਾਹੇ ਜ਼ਮੀਨ ਲੈ ਸਕਦਾ ਹੈ।

ਸਰਕਾਰ ਉਸ ਲਈ ਉੱਥੇ ਘਰ ਬਣਾ ਕੇ ਦਿੰਦੀ ਸੀ, ਖੇਤੀਬਾੜੀ ਦੇ ਸੰਦ ਅਤੇ ਬੀਜ ਆਦਿ ਸਭ ਮੁਫ਼ਤ ਦਿੰਦੀ ਸੀ ਅਤੇ ਫਿਰ ਕਿਸਾਨ ਦੀ ਉਤਨੀ ਦੇਰ ਤੱਕ ਆਰਥਿਕ ਮੱਦਦ ਕਰਦੀ ਰਹਿੰਦੀ ਸੀ ਜਿਤਨੀ ਦੇਰ ਤੱਕ ਜ਼ਮੀਨ ਫ਼ਸਲ ਪੈਦਾ ਕਰਕੇ ਕਿਸਾਨ ਨੂੰ ਆਤਮ ਨਿਰਭਰ ਨਹੀਂ ਸੀ ਬਣਾ ਦੇਂਦੀ। ਕਿਸਾਨ ਦੇ ਆਤਮ-ਨਿਰਭਰ ਹੋਣ ਤੋਂ ਬਾਅਦ ਉਸ ਪਾਸੋਂ ਹੌਲੀ-ਹੌਲੀ ਜੋ ਉਸ ਪਾਸ ਵਾਧੂ ਜਿਣਸ ਹੁੰਦੀ ਸੀ, ਉਹ ਲੈ ਕੇ ਸਰਕਾਰ ਕਿਸਾਨ ਪਾਸੋਂ ਜ਼ਮੀਨ ਦੀ ਨਾਮਾਤਰ ਕੀਮਤ ਵਸੂਲ ਕਰਕੇ ਜ਼ਮੀਨ ਦੀ ਮਾਲਕੀ ਕਿਸਾਨ ਨੂੰ ਦੇ ਦਿੰਦੀ ਸੀ। ਮੇਰੇ ਦਿਮਾਗ ਵਿੱਚ ਇੱਕਦਮ ਇੱਕ ਫੁਰਨਾ ਫੁਰਿਆ ਕਿ ਕਿਉਂ ਨਾ ਪੰਜਾਬੀ ਕਿਸਾਨਾਂ ਨੂੰ ਇੱਥੇ ਲਿਆ ਕੇ ਅਬਾਦ ਕੀਤਾ ਜਾਵੇ ਜੋ ਕਿ ਸਾਰੀ ਦੁਨੀਆਂ ਦੇ ਕਿਸਾਨਾਂ ਤੋਂ ਵੱਧ ਸਿਰੜੀ ਅਤੇ ਮਿਹਨਤੀ ਹਨ। ਇਸ ਖ਼ਿਆਲ ਨਾਲ ਮੈਂ ਖੇਤੀਬਾੜੀ ਦੇ ਸੈਕਟਰੀ ਨਾਲ ਗੱਲ ਕੀਤੀ ਉਸ ਨੇ ਮੈਨੂੰ ਬੜੇ ਦੁੱਖ ਨਾਲ ਦੱਸਿਆ ਕਿ ਕਿਸੇ ਵੀ ਹਿੰਦੁਸਤਾਨੀ ਕਿਸਾਨ ਨੂੰ ਜ਼ਮੀਨ ਨਹੀਂ ਦਿੱਤੀ ਜਾ ਸਕਦੀ ਪਰ ਅਸੀਂ ਉਸ ਨੂੰ ਖੇਤੀਬਾੜੀ ਦੇ ਕੰਮ ਲਈ ਸਰਕਾਰੀ ਨੌਕਰੀ ਦੇ ਸਕਦੇ ਹਾਂ। ਜ਼ਮੀਨ ਦੇਣ ਲਈ ਇੱਕ ਸ਼ਰਤ ਇਹ ਵੀ ਸੀ ਕਿ ਕਿਸਾਨ ਆਪਣੇ ਪਰਿਵਾਰ ਸਮੇਤ ਆਵੇ। ਮੈਂ ਸੈਕਟਰੀ ਨੂੰ ਕਿਹਾ ਕਿ ਮੈਂ ਤੇਰੀ ਸਹੂਲਤ ਲਈ ਉੱਪਰੋਂ ਹੁਕਮ ਲੈ ਆਉਂਦਾ ਹਾਂ। ਉਸ ਵੇਲੇ ਦਾ ਖੇਤੀਬਾੜੀ ਮੰਤਰੀ 'ਜੋਸ ਬਜੈਰਾ' ਮੇਰਾ ਮਿੱਤਰ ਸੀ। ਕਿਉਂਕਿ ਮੈਂ ਲੁਜ਼ੇਨ ਸਵਿਟਜ਼ਰਲੈਂਡ ਵਿਖੇ ਉਸ ਦੇ ਪੁੱਤਰ ਨੂੰ ਪੜ੍ਹਾਇਆ ਸੀ ਮੈਂ ਮੰਤਰੀ ਨੂੰ ਮਿਲਿਆ ਅਤੇ ਹਿੰਦੁਸਤਾਨੀਆਂ ਨੂੰ ਜ਼ਮੀਨ ਦੇਣ ਲਈ ਕਿਹਾ। ਉਸ ਨੇ ਸੈਕਟਰੀ ਨੂੰ ਲਿਖ ਕੇ ਭੇਜਿਆ ਕਿ ਹਿੰਦੁਸਤਾਨੀਆਂ ਨੂੰ ਜ਼ਮੀਨ ਦੇਣ ਦੀਆਂ ਸਹੂਲਤਾਂ ਦਿੱਤੀਆਂ ਜਾਣ ਅਤੇ ਉਹਨਾਂ ਨੂੰ ਸਭ ਤੋਂ ਵਧੀਆ ਜ਼ਮੀਨ ਦਿਖਾਵੇ। ਜੇਕਰ ਉਸ ਨੂੰ ਇਸ ਕੰਮ ਵਿੱਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਮੰਤਰੀ ਨੂੰ ਦੱਸੇ ਉਹ ਉਸ ਔਕੜ ਨੂੰ ਦੂਰ ਕਰ ਦੇਵੇਗਾ। **ਚੱਲਦਾ**

ਇੱਕ ਗਾਥਾ ਦਾ ਨਾਮ ਹੈ ਅਣਖੀ

ਸਫਾ IV ਦੀ ਬਾਕੀ

ਵਿਅਕਤੀ ਸੀ। ਉਸ ਦੀ ਲਿਖਤ ਆਰਸੀ ਵਰਗੀ ਸੀ। ਪੇਂਡੂ ਕਿਸਾਨੀ ਅਤੇ ਭਾਈਚਾਰੇ ਦੀਆਂ ਤੰਗੀਆਂ ਤੁਰਸੀਆਂ ਦੀ ਬਿਆਨੀ ਉਹ ਕਮਾਲ ਦੀ ਕਰਦਾ ਸੀ। ਉਸ ਦੀਆਂ ਰਚਨਾਵਾਂ ਸ਼ਿਲਪ ਅਤੇ ਵਿਸ਼ਿਆਂ ਪੱਖੋਂ ਕਮਾਲ ਦੀਆਂ ਹਨ। ਅਣਖੀ ਸ਼ੁਰੂ ਤੋਂ ਹੀ ਪਰਿਵਾਰਕ ਕਸ਼ਟਾਂ ਵਿੱਚ ਫਸਿਆ ਰਿਹਾ। ਫਿਰ ਵੀ ਉਸਨੇ ਸਾਹਿਤ ਰਚਨਾਂ ਦਾ ਝੰਡਾ ਚੁੱਕੀ ਰੱਖਿਆ। "ਸੁਲਘਦੀ ਰਾਤ" ਉਸ ਦਾ ਨਾਵਲ ਨਕਸਲਵਾਦੀ ਲਹਿਰ ਬਾਰੇ ਨਾਵਲ ਹੈ। "ਕੋਠੇ ਖੜਕ ਸਿੰਘ" ਨੇ ਉਸ ਦਾ ਕੱਦ ਹੋਰ ਵੱਡਾ ਕੀਤਾ। 20 ਸਾਲ ਪਹਿਲਾਂ ਅਧਿਆਪਕ ਦੀ ਨੌਕਰੀ ਕੀਤੀ ਅਤੇ ਤ੍ਰੈਮਾਸਿਕ ਪਰਚਾ ਕੱਢਿਆ।

ਅਣਖੀ ਨੇ ਬਹੁਤ ਸਿਰੜ ਨਾਲ ਸਹਿਤ ਰਚਿਆ। ਉਸ ਦੀਆਂ ਰਚਨਾਂ ਵਿੱਚ ਕਥਾ ਰਸ ਲੋਹੜੇ ਦਾ ਹੈ। ਉਹ ਪੇਂਡੂ ਜੀਵਲ ਦੀਆਂ ਪਰਤਾਂ ਫਰੋਲਦਾ ਹੋਇਆ ਡੂੰਘਾ ਉੱਤਰ ਜਾਂਦਾ ਹੈ। ਉਸਦੇ ਪਾਤਰ ਅਲਕਰੀਂ ਨਹੀਂ ਹਨ, ਉਹ ਵੀ ਸਮਾਜ 'ਚ ਜਿਉਂਦੇ ਜਾਗਦੇ ਵਿਚਰ ਰਹੇ ਲੋਕਾਂ ਦਾ ਅਕਸ਼ ਹਨ।

ਅਣਖੀ ਆਪਣੇ ਪਲੇਠੇ ਨਾਵਲ "ਪਰਦਾ ਤੇ ਰੋਸ਼ਨੀ" ਨੂੰ ਆਪਣੀ ਕਮਜ਼ੋਰ ਰਚਨਾ ਮੰਨਦਾ ਹੈ ਤੇ "ਪ੍ਰਤਾਪੀ" ਨਾਵਲ ਉਸਨੂੰ ਬੇਹੱਦ ਪਸੰਦ ਹੈ। ਅਣਖੀ ਪਹਿਲੇ ਪਹਿਲ ਰਾਮ ਸਰੂਪ ਬਿਮਲ ਦੇ ਨਾਂ ਨਾਲ ਲਿਖਦਾ ਸੀ ਫੇਰ ਪੜ੍ਹਾਈ ਚੇਰਾ ਸਿੱਖ ਸਟੂਡੈਂਟ ਫੈਡਰੇਸ਼ੂ ਦਾ ਪਰਚਾ। "ਅਣਖੀ" ਕੱਢਣ ਚੋਰਾਨ ਉਸਦਾ ਤਲੱਖਸ਼ "ਅਣਖੀ" ਹੀ ਪੈ ਗਿਆ। "ਅਣਖੀ" ਦੀਆਂ ਬਹੁਤ ਸਾਰੀਆਂ ਕਹਾਣੀਆਂ "ਸਾਹਿਤਕ" ਹਿੰਦੀ ਰਸਾਲੇ ਅਤੇ ਹੋਰ ਪ੍ਰਸਿੱਧ ਰਸਾਲਿਆਂ 'ਚ ਅਨੁਵਾਦ ਹੋ ਕੇ ਛਪੀਆਂ ਹਨ। ਅਣਖੀ ਨੇ ਅੰਤਮ ਸਵਾਸਾਂ ਤੱਕ ਬਹੁਤ ਸਪੀਡ ਨਾਲ ਲਿਖਿਆਂ ਪਿੱਛਲੇ ਕੁੱਝ ਸਾਲਾਂ 'ਚ ਉਸਨੇ ਉਪਰੋਂ ਥਲੀ ਕਈ ਨਾਵਲ "ਦੁਲੇ ਦਾ ਢਾਬਾ", "ਮੇਲੋ ਬਾਰਾਂ ਤਾਲੀ", "ਭੀਮਾਂ" ਆਦਿ ਨਾਵਲ ਲਿਖੇ।

ਸ੍ਰੀ ਅਣਖੀ 78 ਸਾਲਾਂ ਦੀ ਉਮਰ ਵਿੱਚ ਆਪਣਾ ਨਵਾਂ ਨਾਵਲ "ਪਿੰਡ ਦੀ ਮਿੱਟੀ" ਜਿਸ ਦੇ 24ਵੇਂ ਕਾਂਢ ਦੌਰਾਨ ਲਿਖਦੇ-ਲਿਖਦੇ ਰੱਬ ਨੂੰ ਪਿਆਰੇ ਹੋ ਗਏ। 14 ਫ਼ਰਵਰੀ 2010 ਉਨ੍ਹਾਂ ਲਈ ਆਖਰੀ ਹੋ ਨਿਬੜ੍ਹਿਆ। ਆਪਣੇ ਪਿੱਛੇ ਭਰਾ ਨਵਜੋਸ਼, ਪੁੱਤਰਾ ਸਨੇਹਪਾਲ ਅਤੇ ਕਰਾਂਤੀਪਾਲ ਪੋਤੇ ਮੁਬਾਰਕ ਅਤੇ ਇੱਛਾਪਾਲ ਅਤੇ ਪਤਨੀ ਸ਼ੋਭਾ ਛੱਡ ਕੇ ਇਸ ਫਾਨੀ ਦੁਨੀਆਂ ਤੋਂ ਸਦਾ ਲਈ ਚੱਲੇ ਗਏ। ਉਨ੍ਹਾਂ ਦੀਆਂ ਲਿਖਤਾਂ ਸਦਾ ਸਾਡੇ ਵਿੱਚ ਅਮਿੱਟ ਯਾਦਾਂ ਬਣ ਕੇ ਕਾਇਮ ਰਹਿਣਗੀਆਂ।

ਬੀ. 14/2198, ਸ਼ੇਖਾਂ ਰੋਡ ਗਲੀ ਨੰ. 9,
ਬਰਨਾਲਾ : 98723-71067

(ਲੜੀ ਜੋੜਨ ਲਈ ਪਿਛਲੇ ਐਤਵਾਰ ਦਾ ਅੰਕ ਦੇਖੋ)

ਅਖੀਰ ਵਿੱਚ ਉਸਤਾਦ ਮੁਹਿੰਦਰ ਮਾਨਵ ਸਾਹਿਬ ਦਾ ਸ਼ਿਅਰ ਪੇਸ਼ ਕਰਦੇ ਹਾਂ।

ਸ਼ਿਅਰ ਹੈ:

"ਬਚਣਾ ਹੈ ਲੂ ਤੋਂ ਤਾਂ ਪਿਆਜ਼ ਖਾ ਲਉ। ਖਾਵੇ ਜੋ ਸ਼ਹਿਦ ਬੰਦਾ ਨਹੀਂ ਠਰਦਾ।।"

ਇਸ ਸ਼ਿਅਰ ਵਿੱਚ ਸ੍ਰੀ ਮਾਨਵ ਸਾਹਿਬ ਨੇ ਸ਼ਹਿਦ ਖਾਣ ਅਤੇ ਉਸ ਦੇ ਗੁਣਾਂ ਦਾ ਬਿਆਨ ਕੀਤਾ ਹੈ ਜੋ ਬਿਲਕੁਲ ਠੀਕ ਮੰਨਿਆ ਜਾਵੇਗਾ।

ਇਸ ਗ਼ਜ਼ਲ ਦਾ ਤੀਸਰਾ ਸ਼ਿਅਰ ਹੈ:

"ਨਜ਼ਰ-ਦਾਤਰ ਜਿਹੀ ਹਰ ਗੱਲ ਜਗ ਦੀ ਲੂਅ ਜਿਹੀ ਲੂਹਣੀ।
ਮੇਰੇ ਰੱਬਾ ਲੁਕਾਂ ਮੈਂ ਕਿਸ ਜਗਾ ਦਿਲ ਦਾ ਚਮਨ ਲੈ ਕੇ।। "

ਇਸ ਸ਼ਿਅਰ ਬਾਰੇ ਉਸਤਾਦ ਅ.ਸ.ਸੰਧੂ ਜੀ ਨਾਲ ਦੋ ਗੱਲਾਂ ਕਰਨੀਆਂ ਹਨ:

ਪਹਿਲਾ ਨੁਕਤਾ :ਦੋ-ਭਾਸ਼ੀ ਸ਼ਬਦਾਂ ਬਾਰੇ।

ਦੂਸਰਾ ਨੁਕਤਾ : ਕੀ ਕਿਸੇ ਸ਼ਬਦ ਦੇ ਵਿਚਕਾਰਲਾ 'ਹ' ਡੇਗਿਆ ਜਾ ਸਕਦਾ ਹੈ?

ਆਪਾਂ ਪਹਿਲਾਂ ਉਸਤਾਦ ਜੀ ਨਾਲ ਦੂਸਰੇ ਨੁਕਤੇ ਬਾਰੇ ਵਿਚਾਰ ਕਰ ਲਈਏ ਕਿ ਜਨਾਬ ਉਸਤਾਦ ਅ.ਸ.ਸੰਧੂ ਜੀ ਤੁਸੀ ਉੱਪਰ ਸ਼ਿਅਰ ਵਿੱਚ 'ਲੂਹਣੀ' ਸ਼ਬਦ ਵਿਚੋਂ 'ਹ' ਗਿਰਾ ਕੇ 'ਮੁਫਾਈਲੁਨ' ਦਾ ਵਜ਼ਨ ਪੂਰਾ ਕੀਤਾ ਹੈ: "ਲੂਹਣੀ" ਦਾ ਅਰਥ "ਗਰਮ" ਜਾਂ "ਸਾੜਨ" ਦੇ ਅਰਥਾਂ ਵਿਚ ਬੰਨ੍ਹ ਰਹੇ ਹੋ। ਪਰ "ਲੂਹਣੀ" ਸ਼ਬਦ ਵਿਚੋਂ 'ਹ' ਡੇਗਣ ਨਾਲ "ਲੂਣੀ" ਦਾ ਅਰਥ "ਨਮਕ" ਹੋ ਗਿਆ ਹੈ। ਧੰਨ-ਧੰਨ ਬਾਬਾ ਦੀਪਕ ਜੈਤੋਈ ਜੀ ਤਾਂ ਸ਼ਬਦ ਦੇ ਵਿਚਕਾਰਲਾ " ਹ" ਡੇਗਣਾ ਬੁਰਾ ਸਮਝਦੇ ਸਨ। ਇਹ ਸੱਚ ਹੈ ਕਿ ਸ਼ਬਦ ਦੇ ਵਿਚਕਾਰਲਾ 'ਹ' ਡੇਗਣ ਨਾਲ ਸ਼ਬਦ ਦੀ ਸੂਰਤ ਵਿਗੜ ਜਾਂਦੀ ਹੈ। ਜਿਵੇਂ "ਸਰਹੱਦੀ " ਸ਼ਬਦ ਹੈ, 'ਹ' ਡੇਗ ਦਿੱਤਾ ਬਾਕੀ "ਸਰੱਦੀ" ਰਹਿ ਗਿਆ। ਭਾਵ ਕਿ ਸ਼ਬਦ ਦੀ ਸੂਰਤ ਵਿਗੜ ਗਈ। ਕੋਈਂ ਸ਼ਾਇਰ 'ਸਰਹੱਦੀ' ਸ਼ਬਦ ਦਾ 'ਹ' ਕੱਢ ਕੇ "ਸਰੱਦੀ" ਬਣਾ ਕੇ "ਫਊਲੁਨ" ਦਾ ਵਜ਼ਨ ਪੂਰਾ ਕਰੇ ਤਾਂ ਆਪਾਂ ਆਖ ਸਕਦੇ ਹਾਂ ਕਿ ਇਹ ਧੱਕੇ ਸ਼ਾਹੀਂ ਹੈ। ਸ਼ਬਦ ਦੀ ਸੂਰਤ ਕਿੱਦਾ ਵਿਗੜਦੀ ਹੈ? "ਰੂਬਰੂ" ਜੁਲਾਈ-ਸਤੰਬਰ 09 ਦੇ ਅੰਕ ਵਿੱਚ ਜਨਾਬ ਗਗਨਦੀਪ ਸਿੰਘ "ਦੀਪ" ਦੀ ਇਕ ਗ਼ਜ਼ਲ ਸਫਾ 9 ਉਤੇ ਛਪੀ। ਇਸ ਦਾ ਇਕ ਸ਼ਿਅਰ ਸੀ "ਤਨ ਢੱਕਣ ਨੂੰ ਬੱਚਿਆਂ ਦਾ ਮਾਂ ਦੀ ਚੁੰਨੀ ਵਿਕ ਗਈ ਹੈ।" ਇਸ ਵਿੱਚ "ਢੱਕਣ" ਸ਼ਬਦ "ਕੱਜਣ" ਦੇ ਅਰਥ ਵਿੱਚ ਆਇਆ ਹੈ ਜੋ "ਫੇਲੁਨ" ਦੇ ਬਰਾਬਰ ਬਣਦਾ ਹੈ। ਪਰ ਜਨਾਬ "ਦੀਪ" ਸਾਹਿਬ ਨੇ "ਢੱਕਣ" ਸ਼ਬਦ ਦਾ "ਅੱਧਕ" ਗਿਰਾ ਕੇ "ਢ+ਕਣ" ਬਣਾ ਦਿੱਤਾ ॥ ਅਤੇ "ਫਾਇਲਾਤੁਨ" ਦਾ ਵਜ਼ਨ ਪੂਰਾ ਕਰ ਲਿਆ। ਸ੍ਰੀ "ਦੀਪ" ਦੀ ਗ਼ਜ਼ਲ -2- ਫਾਇਲਾਤੁਨ ਵਜ਼ਨ 'ਤੇ ਹੈ। ਉੱਤੋਂ ਗ਼ਨੀਮਤ ਇਹ ਹੈ ਕਿ ਉਸਤਾਦ ਅ.ਸ.ਸੰਧੂ ਜੀ ਨੇ "ਰੂਬਰੂ" ਵਿੱਚ ਛਾਪ ਦਿੱਤਾ। ਹੁਣ ਸਾਨੂੰ ਸਾਡੇ ਉਸਤਾਦ ਅਤੇ ਪ੍ਰੋੜ ਸ਼ਾਇਰ ਦੱਸਣ ਕਿ "ਢੱਕਣ" ਸ਼ਬਦ ਦਾ ਅੱਧਕ ਗਿਰਾਇਆ ਜਾ ਸਕਦਾ ਹੈ ? ਸ਼ਬਦਾਂ ਦੀ ਸੂਰਤ ਵਿਗਾੜ ਕੀਤਾ ਜਾਵੇ ਜਾਂ ਸੁਧਾਰ ਕੀਤਾ ਜਾਵੇ। ਅੱਜ ਪੰਜਾਬੀ ਸ਼ਾਇਰੀ 'ਤੇ ਧੁੰਦ ਦੇ ਬੱਦਲ ਛਾਏ ਹੋਏ ਹਨ। ਸੱਚੀ ਗੱਲ ਤਾਂ ਇਹ ਹੈ ਕਿ ਦਿਨ -ਬ- ਦਿਨ ਪੰਜਾਬੀ ਗ਼ਜ਼ਲ ਦੀ ਤਾਣੀ ਉਲਝਦੀ ਜਾ ਰਹੀ ਹੈ।

ਹੁਣ ਆਪਾਂ ਉਸਤਾਦ ਅ.ਸ.ਸੰਧੂ ਦੀ ਪਹਿਲੇ ਮਿਸਰੇ ਵਿੱਚ ਆਏ ਦੋ-ਭਾਸ਼ੀ ਸ਼ਬਦਾਂ ਦੀ ਗੱਲ ਕਰਦੇ ਹਾਂ। ਸਾਡੇ ਉਸਤਾਦ ਧੰਨ-ਧੰਨ ਬਾਬਾ ਦੀਪਕ ਜੈਤੋਈ ਜੀ ਗ਼ਜ਼ਲ ਵਿੱਚ ਦੋ ਭਾਸ਼ੀ ਸ਼ਬਦਾਂ ਦੇ ਸਖ਼ਤ ਖ਼ਿਲਾਫ ਸਨ। ਇੱਕ ਵਾਕਿਆ ਸੁਣੋ । ਇਕ ਵਾਰ ਸਾਡੇ ਵੱਡੇ ਗੁਰਭਾਈ ਜਨਾਬ ਸੁਲੱਖਣ ਸਰੱਦੀ (ਸਰਹੱਦੀ) ਸਾਹਿਬ ਨੇ ਗ਼ਜ਼ਲ ਇਸਲਾਹ ਵਾਸਤੇ ਉਸਤਾਦ ਜੈਤੋਈ ਜੀ ਨੂੰ ਭੇਜੀ। ਉਸ ਵਿਚ ਦੋ-ਭਾਸ਼ੀ ਸ਼ਬਦ 'ਕਦਮ-ਚਿੰਨ' ਦਾ ਬਿਆਨ ਸੀ। ਉਸਤਾਦ ਜੈਤੋਈ ਜੀ ਨੇ ਸ੍ਰੀ ਸਰੱਦੀ (ਸਰਹੱਦੀ) ਜੀ ਨੂੰ ਲਿਖਿਆ ਕਿ 'ਜਾਂ' "ਪਦ-ਚਿੰਨ" ਕਰੋ ਜਾਂ "ਨਕਸ਼-ਏ-ਕਦਮ" ਕਰੋ।

ਇਸ ਤਰ੍ਹਾਂ ਉਸਤਾਦ ਅ.ਸ.ਸੰਧੂ ਜੀ ਦੇ ਸ਼ਿਅਰ ਦੇ ਪਹਿਲੇ ਮਿਸਰੇ ਵਿੱਚ "ਨਜ਼ਰ -ਤਰ" ਦੋ-ਭਾਸ਼ੀ ਸ਼ਬਦਾਂ ਦਾ ਬਿਆਨ ਹੈ।

ਭਾਈ ਕਾਨ ਸ. ਨਾਭਾ ਜੀ ਦੇ ਅਨੁਸਾਰ "ਦਾਤਰ" ਸ਼ਬਦ "ਦਾਤ" ਸੰਸਕ੍ਰਿਤ ਤੋਂ ਬਣਿਆ ਹੈ । "ਦਾਤ੍ਰ" ਸੰਗਯਾਂ "ਖੇਤੀ ਕੱਟਣ ਵਾਲਾ ਸੰਦ " (ਮਹਾਨ ਕੋਸ਼ ਪੰਨਾ 628) "ਨਜ਼ਰ' ਲਫ਼ਜ਼ ਅਰਬੀ ਭਾਸ਼ਾ ਦਾ ਹੈ, "ਅਰਥ-ਖਿਆਲ ਤਵੱਜੋ (ਪੰਨਾ 674) ਹੁਣ ਇਹ ਸਾਫ ਹੋ ਗਿਆ ਕਿ 'ਨਜ਼ਰ-ਦਾਤਰ' ਦੋ ਭਾਸ਼ੀ ਸ਼ਬਦ ਹਨ।

ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ "ਦਾਤਰ-ਸ਼ਬਦ ਬੇਸ਼ੱਕ ਪੰਜਾਬੀ ਲੋਕਾਂ ਦਾ ਆਮ ਵਰਤਿਆ ਜਾਣ ਵਾਲਾ ਸੰਦ ਹੈ। ਪਰ ਸ਼ਾਇਰਾਂ ਦਾ ਜਾਣਿਆ-ਪਛਾਣਿਆ ਸ਼ਬਦ ਨਹੀ। ਸ਼ਾਇਦ ਹੀ ਕਿਸੇ ਸ਼ਾਇਰ ਨੇ "ਦਾਤਰ" ਸ਼ਬਦ ਨੂੰ ਆਪਣੇ ਕਲਾਮ ਵਿੱਚ ਵਰਤਿਆ ਹੋਵੇ। ਧੰਨ-ਧੰਨ ਬਾਬਾ ਦੀਪਕ ਜੈਤੋਈ ਸਾਹਿਬ ਆਪਣੀ ਕਿਤਾਬ " .ਗ਼ਜ਼ਲ ਕੀ ਹੈ " ਵਿੱਚ ਫਰਮਾਉਂਦੇ ਹਨ ਕਿ "ਅਜੇਹੇ ਸ਼ਬਦ ਜਿਹੜੇ ਸ਼ਾਇਰਾਂ ਅਤੇ ਅਦਬ-ਨਿਵਾਜ ਲੋਕਾਂ ਦੇ ਜਾਣਦੇ ਪਛਾਣੇ ਨਾ ਹੋਣ। ਕਿਸੇ ਵੀ ਉਸਤਾਦ ਸ਼ਾਇਰ ਨੇ ਕਦੀ ਆਪਣੇ ਕਲਾਮ ਵਿਚ ਨਾ ਵਰਤੇ ਹੋਣ। ਭਾਵੇਂ ਉਹ ਸ਼ਬਦ ਆਪਣੀ ਜ਼ੁਬਾਨ (ਭਾਸ਼ਾ) ਦੇ ਸਹੀ ਸ਼ਬਦ ਹੋਣ ਪਰ ਗ਼ਜ਼ਲ ਵਿੱਚ ਵਰਤਣ ਦੇ ਐਬ ਦਾ ਨਾਂ "ਗ਼ੈਰ-ਮਾਨੂਸ" ਜਾਂ ਗ਼ਰਾਬਤ -ਏ- ਲਫਜੀ"। ਅਜੇਹੇ ਸ਼ਬਦ ਵਰਤਣੇ ਠੀਕ ਨਹੀ.....।"(ਪੰਨਾ 130)

ਉਪਰ ਉਸਤਾਦ ਦੀਪਕ ਜੈਤੋਈ ਸਾਹਿਬ ਦੀ ਪ੍ਰੀਭਾਸ਼ਾ ਪੜ੍ਹ ਕੇ ਇਹ ਗੱਲ ਸਾਫ ਸਪੱਸ਼ਟ ਹੋ ਜਾਂਦੀ ਹੈ ਕਿ "ਦਾਤਰ" ਸ਼ਾਇਰਾਂ ਦਾ ਜਾਣਿਆ ਪਛਾਣਿਆ ਸ਼ਬਦ ਨਹੀ। ਹੋਰ ਜ਼ਿਆਦਾ ਵਜਾਹਤ ਲੋੜ ਨਹੀ। ਸ਼ੀਸ਼ਾ ਸਾਹਮਣੇ ਹੈ।

ਅਖ਼ੀਰ ਵਿੱਚ ਉਸਤਾਦ ਅ.ਸ.ਸੰਧੂ ਜੀ ਨੂੰ ਬੇਨਤੀ ਕਰਾਂਗੇ ਕਿ ਜਾਂ "ਨਜ਼ਰ" ਸ਼ਬਦ ਕੱਢ ਦਿਉ ਜਾਂ "ਦਾਤਰ" ਸ਼ਬਦ ਕੱਢ ਦਿਉ। ਆਪਣੇ ਉਸਤਾਦ ਸ੍ਰੀ ਜੈਤੋਈ ਸਾਹਿਬ ਦੀ ਘਾਲਣਾ ਦਾ ਮੁੱਲ ਪਾਈਏ।

ਹੁਣ ਅਸੀਂ ਉਹਨਾਂ ਸ਼ਇਰਾਂ ਦੇ ਸ਼ੇਆਰ ਪੇਸ਼ ਕਰਦੇ ਹਾਂ ਜਿਨ੍ਹਾਂ ਦੋ-ਭਾਸ਼ੀ ਸ਼ਬਦ ਵਰਤੇ.....।

ਮੁਗ਼ਲ ਕਾਲ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ "ਜ਼ਫ਼ਰ" ਜੀ ਦਾ ਸ਼ਿਅਰ ਹੈ :

"ਐ ਬਾਦਸ਼ਾਹੇ ਖ਼ੂਬਾਨੇ ਜਹਾਂ। ਤੇਰੀ ਮੋਹਨੀ ਸੂਰਤ ਪੇ ਕੁਰਬਾਂ॥"

ਜਨਾਬ ਜ਼ਫ਼ਰ ਸਾਹਿਬ ਦੇ ਸ਼ਿਅਰ ਵਿੱਚ "ਮੋਹਨੀ-ਸੂਰਤ" ਦੋ ਵੱਖ -ਵੱਖ ਭਸ਼ਾਵਾਂ ਦੇ ਸ਼ਬਦ ਹਨ।

ਮੋਹ-ਸੰਸਕ੍ਰਿਤ ਦਾ ਸ਼ਬਦ ਹੈ। ਮੋਹ ਤੋਂ "ਮੋਹਨੀ" ਬਣਿਆ ਜੋ ਵਿਸ਼ੇਸ਼ਣ ਕਾਰਕ ਦੇ ਰੂਪ ਵਿੱਚ ਹੈ।

ਦੂਸਰਾ ਸ਼ਬਦ "ਸੂਰਤ" ਅਰਬੀ ਭਾਸ਼ਾ ਦਾ ਸ਼ਬਦ ਹੈ, ।ਜਿਸ ਦਾ ਅਰਥ ਚਿਹਰਾ ਹੈ।

ਜਨਾਬ "ਜ਼ਫ਼ਰ" ਜੀ ਦਾ ਏਸੇ ਗ਼ਜ਼ਲ ਦਾ ਇਕ ਹੋਰ ਸ਼ਿਅਰ ਹੈ :

"ਹੁਈ ਬਾਦੇ -ਬਹਾਰੀ ਚਮਨ ਮੇਂ ਅਯਾਂ । ਗੁਲੋ-ਬੂਟਾ ਪੇ ਬਾਕ